# ਦੀਆਂ ਟਿਕਟਾਂ ਦਾ ਪ੍ਰੋਗਰਾਮ ਪ੍ਰਤਿਬੰਧਿਤ ਖਾਤਾ ਕਵਰਸ਼ੀਟ

## ਮਹੱਤਵਪੂਰਨ ਜਾਣਕਾਰੀ

### ਪ੍ਰਤਿਬੰਧਿਤ ਖਾਤਾ ਹੁੰਦਾ ਹੈ:

ਬੈਂਕ, ਕ੍ਰੈਡਿਟ ਯੂਨਿਅਨ ਆਦਿ ਵਿੱਚ ਕੋਈ ਖਾਤਾ, ਜਿਤ੍ਥੇ ਭੋਜਨ ਟਿਕਟਾਂ ਪ੍ਰਾਪਤ ਕਰਨ ਵਾਲਾ ਕੋਈ ਪਰਿਵਾਰ ਸਿਰਫ਼ ਹੇਠਾਂ ਦਿੱਤੇ ਗਏ ਪ੍ਰਵਾਨਯੋਗ ਖਰਚਿਆਂ ਲਈ ਪੈਸਾ ਰਕ੍ਖ ਸਕਦਾ ਹੈ:

- ਰਹਿਣ ਲਈ ਘਰ ਖਰੀਦਣਾ;
- ਕੋਈ ਕਾਰੋਬਾਰ ਸ਼ੁਰੂ ਕਰਨਾ; ਜਾਂ
- ਖਾਤਾ ਧਾਰਕ ਜਾਂ ਉਸ ਤੇ ਨਿਰਭਰ ਵਿਅਕਤੀਆਂ ਲਈ ਸਿਕ੍ਖਿਆ ਜਾਂ ਨੌਕਰੀ ਦੀ ਸਿਖਲਾਈ। (ਨਿਰਭਰ ਵਿਅਕਤੀ ਉਹ ਹੁੰਦੇ ਹਨ ਜੋ ਖਾਤਾ ਧਾਰਕ ਦੇ ਫ਼ੈਡਰਲ ਆਮਦਨੀ ਟੈਕਸਾਂ ਤੇ ਨਿਰਭਰ ਵਿਅਕਤੀ ਹੁੰਦੇ ਹਨ ਜਾਂ ਹੋ ਸਕਦੇ ਹਨ।)

ਕੋਈ ਪ੍ਰਤਿਬੰਧਿਤ ਖਾਤਾ ਸ਼ੁਰੂ ਕਰਨ ਤੋਂ ਪਹਿਲਾਂ, ਹੋ ਸਕਦਾ ਹੈ ਤੁਸੀਂ ਆਪਣੀ ਸ੍ਰੋਤ ਸੀਮਾ ਦੇ ਅੰਦਰ ਦੇ ਨਗਦ ਅਤੇ ਦੂਸਰੇ ਸ੍ਰੋਤਾਂ (ਜਿਵੇਂ ਕਿ ਬੈਂਕ ਖਾਤੇ, ਸ਼ੇਅਰ, ਜ਼ਮੀਨ ਆਦਿ) ਨੂੰ ਆਪਣੀ ਵਰਤੋਂ ਲਈ ਉਪਲਬਧ ਰਕ੍ਖਣਾ ਚਾਹੋ। ਇਸਦਾ ਕਾਰਨ ਹੈ:

**ਜੇ ਤੁਸੀਂ ਆਪਣੇ ਪ੍ਰਤਿਬੰਧਿਤ ਖਾਤੇ (ਖਾਤਿਆਂ) ਵਿੱਚ ਕਿਸੇ ਫ਼ੰਡ ਨੂੰ ਸੰਕਟਕਾਲਾਂ ਲਈ ਭੁਗਤਾਨ ਕਰਨ ਵਾਸਤੇ ਵਰਤਦੇ ਹੋ, ਭਾਵੇਂ ਜਦੋਂ ਸੰਕਟਕਾਲ ਕਿਸੇ ਮੌਤ ਜਾਂ ਜੀ? ਵਨ ਨੂੰ ਖਤਰੇ ਵਾਲੀ ਸਥਿਤੀ ਦੇ ਕਾਰਨ ਹੋਵੇ, ਕਢਾਈ ਗਈ ਰਕਮ ਨੂੰ $2,000 (ਜੇ ਪਰਿਵਾਰ ਦਾ ਘੱਟ ਤੋਂ ਘੱਟ ਇੱਕ ਮੈਂਬਰ ਅਜਿਹਾ ਹੈ ਜੋ ਅਸਮਰਥ ਹੈ/ਜਿਸਦੀ ਉਮਰ 60 ਸਾਲ ਜਾਂ ਵਦ੍ਧ ਹੈ ਤਾਂ $3,000) ਦੀ ਸ੍ਰੋਤ ਸੀਮਾ ਵਿੱਚ ਗਿਣਿਆ ਜਾਵੇਗਾ।**

### ਪ੍ਰਤਿਬੰਧਿਤ ਖਾਤੇ ਲਈ ਨਿਯਮ:

- ਜਦੋਂ ਤੁਸੀਂ ਖਾਤਾ ਸਥਾਪਿਤ ਕਰਦੇ ਹੋ ਉਸ ਸਮੇਂ ਤੁਹਾਨੂੰ ਲਾਜ਼ਮੀ ਤੌਰ ਤੇ ਭੋਜਨ ਟਿਕਟਾਂ ਮਿਲ ਰਹੀਆਂ ਹੋਣੀਆਂ ਚਾਹੀਦੀਆਂ ਹਨ।
- ਇੱਕ ਤੋਂ ਵਦ੍ਧ ਪ੍ਰਤਿਬੰਧਿਤ ਖਾਤੇ ਦੀ ਆਗਿਆ ਹੈ।
- ਕਿਸੇ ਪ੍ਰਤਿਬੰਧਿਤ ਖਾਤੇ ਵਿੱਚ ਬੱਚਤ ਦੀ ਵਦ੍ਧ ਤੋਂ ਵਦ੍ਧ ਰਕਮ ਤੇ ਕੋਈ ਸੀਮਾ ਨਹੀਂ ਹੈ।
- ਸਾਰੇ ਪ੍ਰਤਿਬੰਧਤ ਖਾਤਿਆਂ ਵਿੱਚ ਫ਼ੰਡ ਨੂੰ ਤੁਹਾਡੇ ਪਰਿਵਾਰ ਦੀ ਸ੍ਰੋਤ ਸੀਮਾ ਵੱਲ ਨਹੀਂ ਗਿਣਿਆ ਜਾਂਦਾ।
- ਇਸ ਤੋਂ **ਪਹਿਲਾਂ** ਕਿ ਕਿਸੇ ਕਾਤੇ ਨੂੰ ਪ੍ਰਤਿਬੰਧਿਤ ਖਾਤਾ ਸਮਝਿਆ ਜਾ ਸਕੇ, ਤੁਹਾਨੂੰ ਲਾਜ਼ਮੀ ਤੌਰ ਤੇ ਪ੍ਰਤਿਬੰਧਿਤ ਖਾਤਾ ਸਮਝੌਤੇ ਤੇ ਦਸਤਖਤ ਕਰਨੇ ਚਾਹੀਦੇ ਹਨ।
- ਤੁਸੀਂ ਫ਼ੰਡ ਸਿਰਫ਼ ਪ੍ਰਵਾਨਯੋਗ ਖਰਚਿਆਂ ਤੇ ਹੀ ਖਰਚ ਕਰ ਸਕਦੇ ਹੋ।
- ਥਤੁਹਾਨੂੰ ਫ਼ੰਡ ਅਤੇ ਕਮਾਇਆ ਗਿਆ ਕੋਈ ਵੀ ਵਿਆਜ਼ ਲਾਜ਼ਮੀ ਤੌਰ ਤੇ ਕਿਸੇ ਦੂਸਰੇ ਖਾਤੇ ਤੋਂ **ਵਕ੍ਖਰੇ** ਪ੍ਰਤਿਬੰਧਿਤ ਖਾਤੇ ਵਿੱਚ ਹੀ ਰਕ੍ਖਣਾ ਚਾਹੀਦਾ ਹੈ।
- ਪ੍ਰਤਿਬੰਧਿਤ ਖਾਤੇ (ਖਾਤਿਆਂ) ਤੇ ਕਮਾਏ ਗਏ ਵਿਆਜ ਨੂੰ ਲਾਜ਼ਮੀ ਤੌਰ ਤੇ ਸਿਦ੍ਧਾ ਖਾਤੇ (ਖਾਤਿਆਂ) ਵਿੱਚ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।
- ਤੁਹਾਨੂੰ ਹਰ ਇੱਕ ਪ੍ਰਤਿਬੰਧਿਤ ਖਾਤੇ ਲਈ ਲਾਜ਼ਮੀ ਤੌਰ ਤੇ ਪ੍ਰਤਿਬੰਧਿਤ ਖਾਤਾ ਸਮਝੌਤਾ ਪੂਰਾ ਕਰਨਾ ਚਾਹੀਦਾ ਹੈ।
- ਜੇ ਤੁਹਾਡੇ ਕੋਲ ਕੋਈ ਪ੍ਰਤਿਬੰਧਿਤ ਖਾਤਾ ਹੈ ਅਤੇ ਤੁਹਾਨੂੰ ਭੋਜਨ ਟਿਕਟਾਂ ਮਿਲਣੀਆਂ ਬੰਦ ਹੋ ਜਾਂਦੀਆਂ ਹਨ, ਤਾਂ ਜੇ ਤੁਸੀਂ ਬੈਨਿਫ਼ਟਾਂ ਲਈ ਦੁਬਾਰਾ ਅਰਜ਼ੀ ਦਿੰਦੇ ਹੋ ਤਾਂ ਫ਼ੰਡ ਤੁਹਾਡੀ ਸੰਪਤੀ ਵਿੱਚ ਗਿਣੇ ਜਾ ਸਕਦੇ ਹਨ।

## ਕਢਵਾਉਣ ਦੀ ਰਿਪੋਰਟ ਕਰਨੀ

- **ਤਿਮਾਹੀ ਅਧਾਰ ਤੇ ਰਿਪੋਰਟ ਕਰਨ ਵਾਲੇ ਪਰਿਵਾਰ**

    - ਤਿਮਾਹੀ ਦੇ ਦੌਰਾਨ ਕਢਾਏ ਗਏ ਪੈਸਿਆਂ ਬਾਰੇ ਤੁਹਾਡੀ ਆਮਦਨੀ ਦੀ ਅਗਲੀ ਨੀਯਤ ਰਿਪੋਰਟ ਤਕ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ।
    - ਤਿਮਾਹੀ ਅਧਾਰ ਤੇ ਰਿਪੋਰਟ ਮਿਲਣ ਤੇ ਕਾਉਂਟੀ ਤੁਹਾਡੇ ਸ੍ਰੋਤਾਂ ਦਾ ਦੁਬਾਰਾ ਮੁਲਾਂਕਣ ਕਰੇਗਾ ਅਤੇ ਫ਼ੈਸਲਾ ਕਰੇਗਾ ਕਿ ਕੀ ਪੈਸੇ ਪ੍ਰਵਾਨਯੋਗ ਖਰਚੇ ਲਈ ਕਢਾਏ ਗਏ ਸਨ। ਜੇ ਤੁਹਾਡੇ ਸ੍ਰੋਤ, ਸ੍ਰੋਤ ਸੀਮਾ ($2,000/$3,000) ਤੋਂ ਹੇਠਾਂ ਹਨ, ਤਾਂ ਜੇ ਤੁਸੀਂ ਬੈਨਿਫ਼ਿਟਾਂ ਲਈ ਹੱਕਦਾਰ ਹੋ ਤਾਂ ਹੱਕਦਾਰ ਰਹੋਗੇ।

- **ਤਬਦੀਲੀ ਦੀ ਰਿਪੋਰਟ ਕਰਨ ਵਾਲੇ ਪਰਿਵਾਰ**

    - ਤੁਹਾਡੇ ਪ੍ਰਤਿਬੰਧਿਤ ਖਾਤੇ ਵਿੱਚੋਂ ਕਢਾਏ ਗਏ ਕਿਸੇ ਪੈਸਿਆਂ ਦੀ ਪੈਸੇ ਕਢਾਉਣ ਦੀ ਤਾਰੀਖ ਤੋਂ 10 ਦਿਨਾਂ ਦੇ ਅੰਦਰ ਲਾਜ਼ਮੀ ਤੌਰ ਤੇ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।
    - ਰਿਪੋਰਟ ਕਰਨ ਦੇ 10 ਦਿਨਾਂ ਦੇ ਅੰਦਰ ਕਾਉਂਟੀ ਸ੍ਰੋਤਾਂ ਨੂੰ ਦੇਖੇਗੀ।
    - ਤੁਹਾਡੇ ਪੈਸੇ ਕਢਾਉਣ ਦਾ ਕਾਰਨ ਜਾਰੀ ਰਹਿਣ ਵਾਲੀ ਹੱਕਦਾਰੀ ਨਿਰਧਾਰਤ ਕਰੇਗਾ।
    - ਜੇ ਤੁਹਾਡੇ ਸ੍ਰੋਤ, ਸ੍ਰੋਤ ਸੀਮਾ ($2,000/$3,000) ਤੋਂ ਹੇਠਾਂ ਹਨ ਤਾਂ ਜੇ ਤੁਸੀਂ ਬੈਨਿਫ਼ਿਟਾਂ ਲਈ ਹੱਕਦਾਰ ਹੋ ਤਾਂ ਹੱਕਦਾਰ ਰਹੋਗੇ।

## ਖਰਚੇ

- **ਰਹਿਣ ਲਈ ਘਰ ਖਰਿਦਣਾ:**

    ਪ੍ਰਤਿਬੰਧਿਤ ਖਾਤੇ ਦੇ ਫ਼ੰਡ ਇਹਨਾਂ ਤੇ ਖਰਚ ਸਕਦੇ ਹੋ:

    - ਜਮਾ ਰਕਮ, ਫ਼ੀਸਾਂ, ਪੇਸ਼ਗੀ ਭੁਗਤਾਨ, ਮੂਲ ਭੁਗਤਾਨ ਕਰਨੇ
    - ਬੰਦ ਕਰਨ ਦੀਆਂ ਕੀਮਤਾਂ
    - ਮੁਰੰਮਤਾਂ ਅਤੇ ਉਪਕਰਣ ਲਗਾਉਣੇ

    ਪ੍ਰਤਿਬੰਧਿਤ ਖਾਤੇ ਦੇ ਫ਼ੰਡ ਇਹਨਾਂ ਤੇ ਖਰਚ ਨਹੀਂ ਕਰ ਸਕਦੇ ਹੋ:

    - ਫ਼ਰਨੀਚਰ ਖਰੀਦ
    - ਘਰ ਦਾ ਸਮਾਨ

- **ਕਖਾਤਾ ਧਾਰਕ (ਧਾਰਕਾਂ) ਜਾਂ ਉਸ ਤੇ ਨਿਰਭਰ ਵਿਅਕਤੀ (ਵਿਅਕਤੀਆਂ) ਲਈ ਸਿਕ੍ਖਿਆ ਜਾਂ ਨੌਕਰੀ ਦੀ ਸਿਖਲਾਈ:**

    ਪ੍ਰਤਿਬੰਧਿਤ ਖਾਤੇ ਦੇ ਫ਼ੰਡ ਇਹਨਾਂ ਤੇ ਖਰਚ ਸਕਦੇ ਹੋ:

    - ਫ਼ੀਸਾਂ, ਟਿਊਸ਼ਨ, ਕਿਤਾਬਾਂ, ਸਕੂਲ ਸਪਲਾਈਆਂ, ਉਪਕਰਣ, ਕੱਪੜਿਆਂ ਦੀਆਂ ਖ਼ਾਸ ਲੋੜਾਂ
    - ਵਿਦਿਆਰਥੀ ਦੀ ਰਿਹਾਇਸ਼ ਅਤੇ ਭੋਜਨ
    - ਸਕੂਲ/ਪੇਸ਼ਾਵਰ ਸਿਖਲਾਈ ਤਕ ਜਾਣ ਅਤੇ ਵਾਪਸ ਆਉਣ ਦੀ ਆਵਾਜਾਈ ਦੇ ਖਰਚੇ
    - ਸਕੂਲ ਹਾਜ਼ਰ ਹੋਣ ਲਈ ਲੋੜੀਂਦੀਆਂ ਬੱਚਿਆਂ ਦੀ ਦੇਖਭਾਲ ਦੀਆਂ ਸੇਵਾਵਾ

**ਖਰਚੇ ਜਾਰੀ:**

- **ਕੋਈ ਨਵਾਂ ਕਾਰੋਬਾਰ ਸ਼ੁਰੂ ਕਰਨਾ:**

    ਪ੍ਰਤਿਬੰਧਿਤ ਖਾਤੇ ਦੇ ਫ਼ੰਡ ਇਹਨਾਂ ਤੇ ਖਰਚ ਸਕਦੇ ਹੋ:

    - ਕਾਰੋਬਾਰੀ ਉਪਕਰਣਾਂ ਦੀ ਖਰੀਦ, ਮੁਰੰਮਤ ਅਤੇ ਰਕ੍ਖ-ਰਖਾਵ
    - ਔਜ਼ਾਰ, ਵਰਦੀਆਂ, ਦੂਸਰੇ ਸੁਰਕ੍ਖਿਆਤਮਕ ਜਾਂ ਲੋੜੀਂਦੇ ਕੱਪੜੇ, ਅਤੇ ਜੁੱਤੇ
    - ਕਾਰੋਬਾਰ ਦੀ ਸੰਪਤੀ ਦਾਂ ਲੰਮੇ ਸਮੇਂ ਤਕ ਚੱਲਣ ਵਾਲੀਆਂ ਚੀਜ਼ਾਂ ਲਈ ਕਰਜ਼ੇ ਦੀ ਮੂਲ ਰਕਮ ਅਤੇ ਵਿਆਜ ਦੇ ਭੁਗਤਾਨ
    - ਆਫ਼ਿਸ ਜਾਂ ਮੰਜ਼ਲ ਦੀ ਜਗ੍ਹਾ ਲਈ ਕਿਰਾਇਆ ਅਤੇ ਸਹੂਲਤ ਦਾ ਭੁਗਤਾਨ
    - ਕਰਮਚਾਰੀਆਂ ਦੀਆਂ ਤਨਖਾਹਾਂ
    - ਇਨਵੈਂਟਰੀ, ਸਮਾਨ ਭੇਜਣ, ਅਤੇ ਪਹੁੰਚਾਉਣ ਦੇ ਖਰਚੇ
    - ਕਾਰੋਬਾਰੀ ਦੀਆਂ ਫ਼ੀਸਾਂ, ਟੈਕਸ, ਬੀਮਾ, ਹਿਸਾਬ-ਕਿਤਾਬ ਰਕ੍ਖਣ ਦੇ ਅਤੇ ਦੂਸਰੇ ਪੇਸ਼ਾਵਰ ਖਤਰੇ

    ਪ੍ਰਤਿਬੰਧਿਤ ਖਾਤੇ ਦੇ ਫ਼ੰਡ ਇਹਨਾਂ ਤੇ ਖਰਚ ਨਹੀਂ ਕਰ ਸਕਦੇ ਹੋ:

    - ਨਿੱਜੀ ਖ਼ਰਚੇ, ਜਿਵੇਂ ਕਿ ਮਨੋਰੰਜਨ

## ਸਬੂਤ

ਲਾਜ਼ਮੀ ਤੌਰ ਤੇ ਕੋਈ ਪ੍ਰਤਿਬੰਧਿਤ ਖਾਤਾ ਸਥਾਪਿਤ ਕਰਦੇ ਸਮੇਂ ਅਤੇ ਪ੍ਰਤਿਬੰਧਿਤ ਖਾਤੇ ਵਿੱਚੋਂ ਪੈਸੇ ਕਢਵਾਉਣ ਦਾ ਸਬੂਤ ਕਾਉਂਟੀ ਨੂੰ ਦੇਣਾ ਚਾਹੀਦਾ ਹੈ।

- **ਖਾਤਾ ਸਥਾਪਿਤ ਕਰਨ ਅਤੇ/ਜਾਂ ਪੈਸੇ ਕਢਵਾਉਣ ਦੇ ਸਬੂਤਾਂ ਦੀਆਂ ਕੁਝ ਉ?ਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ:**

    - ਕਿਸੇ ਬੈਂਕ, ਕ੍ਰੈਡਿਟ ਯੂਨਿਅਨ ਆਦਿ ਤੋਂ ਪਾਸਬੁੱਕ, ਬੈਂਕ ਸਟੇਟਮੈਂਟਾਂ ਜਾਂ ਰਸੀਦਾਂ ਜਿਨ੍ਹਾਂ ਵਿੱਚ ਬੈਂਕ ਦਾ ਨਾਮ ਅਤੇ ਪਤਾ ਅਤੇ ਖਾਤੇ ਦਾ ਨਾਮ, ਖਾਤਾ ਨੰਬਰ ਦਿਖਾਇਆ ਗਿਆ ਹੋਵੇ, ਅਤੇ
    - ਜਿਸ ਦਿਨ ਤੁਸੀਂ ਪ੍ਰਤਿਬੰਧਿਤ ਖਾਤਾ ਸਮਝੌਤੇ ਤੇ ਦਸਤਖਤ ਕੀਤੇ ਉਸ ਦਿਨ ਤੋਂ ਲੈ ਕੇ ਹੁਣ ਤਕ ਦੇ ਸਾਰੇ ਖਾਤਾ ਬਕਾਇਆ ਅਤੇ ਗਤੀਵਿਧੀਆਂ

- **ਇਹ ਦਿਖਾਉਣ ਲਈ ਸਬੂਤਾਂ ਦੀਆਂ ਕੁਝ ਉਦਾਹਰਨਾਂ ਕਿ ਤੁਸੀਂ ਫ਼ੰਡ ਕਿਵੇਂ ਖਰਚ ਕੀਤੇ:**

    - ਰੱਦ ਕੀਤਾ ਚੈੱਕ
    - ਚੀਜ਼ਾਂ ਜਾਂ ਸੇਵਾਵਾਂ ਦੇ ਪ੍ਰਦਾਤਾ (ਪ੍ਰਦਾਤਾਵਾਂ) ਤੋਂ ਦਸਤਖਤ ਕੀਤੀ ਹੋਈ ਸਟੇਟਮੈਂਟ ਜਿਸ ਵਿੱਚ ਭੁਗਤਾਨ ਕੀਤੇ ਗਏ ਖਰਚੇ (ਖਰਚਿਆਂ) ਦੀ ਕਿਸਮ ਅਤੇ ਰਕਮ ਦਿਖਾਈ ਗਈ ਹੋਵੇ
    - ਰਸੀਦ
    - ਪ੍ਰਤਿਬੰਧਿਤ ਖਾਤਾ ਬੈਂਕ ਬਕਾਇਆ ਸਟੇਟਮੈਂਟ